ਈ-ਨਿਲਾਮੀ ਦੇ ਨਿਯਮ ਅਤੇ ਸ਼ਰਤਾਂ : (1) ਈ-ਨਿਲਾਮੀ 'ਜਿਵੇਂ ਹੈ ਜਿਥੇ ਹੈ' ਅਤੇ 'ਜੋ ਵੀ ਹੈ ਜਿਵੇਂ ਹੈ' ਆਧਾਰ 'ਤੇ ਕੀਤੀ ਜਾਣੀ ਹੈ ਅਤੇ ਆਨਲਾਈਨ ਕਰਵਾਈ ਜਾਵੇਗੀ। ਨਿਲਾਮੀ ਬੈਂਕ ਦੇ ਪ੍ਰਵਾਨਿਤ ਸੇਵਾ ਪ੍ਰਦਾਤਾ ਮੈਸ. ਪੀਐੱਸਬੀ ਅਲਾਇੰਸ ਪ੍ਰਾ. ਲਿਮ., ਮੁੰਬਈ ਦੁਆਰਾ ਵੈੱਬਪੋਰਟਲ https://baanknet.com 'ਤੇ ਕਰਵਾਈ ਜਾਵੇਗੀ। ਆਨਲਾਈਨ ਈ-ਨਿਲਾਮੀ ਬੋਲੀ ਫ਼ਾਰਮ ਵਾਲੇ ਟੈਂਡਰ ਦਸਤਾਵੇਜ਼, ਘੋਸ਼ਣਾ, ਆਨਲਾਈਨ - ਨਿਲਾਮੀ ਵਿਕਰੀ ਦੀਆਂ ਆਮ ਸ਼ਰਤਾਂ ਅਤੇ ਨਿਯਮ ਵੈੱਬਸਾਈਟਾਂ (ਏ) https://www.punjabandsindbank.co.in (ਬੀ) https://baanknet.com ਉੱਪਰ ਉਪਲਬੱਧ ਹਨ। (2) ਅਧਿਕਾਰਤ ਅਫ਼ਸਰ ਦੇ ਸਰਬੋਤਮ ਗਿਆਨ ਅਤੇ ਸੂਚਨਾ ਮੁਤਾਬਿਕ ਇਥੇ ਕਿਸੇ ਵੀ ਜਾਇਦਾਦਾਂ 'ਤੇ ਕੋਈ ਭੰਜਟ ਨਹੀਂ ਹੈ, ਫਿਰ ਵੀ ਚਾਹਵਾਨ ਬੋਲੀਕਾਰ ਆਪਣੀ ਬੋਲੀ ਪੇਸ਼ ਕਰਨ ਤੋਂ ਪਹਿਲਾਂ ਜਾਇਦਾਦ 'ਤੇ ਦਾਅਵਿਆਂ / ਹੱਕਾਂ / ਬਕਾਇਆਂ / ਪ੍ਰਭਾਵਾਂ ਅਤੇ ਨਿਲਾਮੀ ਲਈ ਰੱਖੀ ਜਾਇਦਾਦਾਂ ਦੀ ਮਾਲਕੀ ਭੰਜਟਾਂ ਬਾਰੇ ਆਪਣੇ ਤੌਰ 'ਤੇ ਹੀ ਜਾਂਚ-ਪੜਤਾਲ ਕਰ ਲੈਣ। ਈ-ਨਿਲਾਮੀ ਇਸ਼ਤਿਹਾਰ ਬੈਂਕ ਦਾ ਕੋਈ ਵਾਅਦਾ ਜਾਂ ਕੋਈ ਪ੍ਰਤੀਨਿਧਤਾ ਨਹੀਂ ਹੈ। ਜਾਇਦਾਦਾਂ ਬੈਂਕ ਨੂੰ ਜਾਣੇ ਜਾਂਦੇ ਜਾਂ ਨਾ ਜਾਣੇ ਜਾਂਦੇ, ਜੋ ਵੀ ਹੋਵੇ, ਸਾਰੇ ਮੌਜੂਦਾ ਅਤੇ ਭਵਿੱਖੀ ਭੰਜਟਾਂ ਸਹਿਤ ਵੇਚੀਆਂ ਜਾਣੀਆਂ ਹਨ। ਅਧਿਕਾਰਤ ਅਫ਼ਸਰ/ਸੁਰੱਖਿਅਤ ਕ੍ਰੈਡਿਟਰ ਕਿਸੇ ਵੀ ਥਰਡ ਪਾਰਟੀ ਦੇ ਦਾਅਵਿਆਂ / ਹੱਕਾਂ / ਬਕਾਇਆਂ ਲਈ ਕਿਸੇ ਤਰ੍ਹਾਂ ਵੀ ਜ਼ਿੰਮੇਵਾਰ ਨਹੀਂ ਹੋਣਗੇ। (3) ਇਕਮਾਤਰ ਬੋਲੀਕਾਰ ਦੇ ਮਾਮਲੇ ਵਿੱਚ ਬੋਲੀਕਾਰ (ਪੁਰਸ਼/ਮਹਿਲਾ) ਨੂੰ ਰਾਖਵੀਂ ਕੀਮਤ ਤੋਂ ਉੱਪਰ ਘੱਟੋ-ਘੱਟ ਇੱਕ ਬੋਲੀ ਵਧਾਉਣੀ ਪਵੇਗੀ। (4) ਯੋਗ ਬੋਲੀਕਾਰਾਂ ਦੇ ਨਾਂਵਾਂ ਦੀ ਪਛਾਣ ਪੋਰਟਲ https://baanknet.com 'ਤੇ ਆਨਲਾਈਨ ਈ-ਨਿਲਾਮੀ ਵਿੱਚ ਭਾਗ ਲੈਣ ਦੇ ਵਾਸਤੇ ਪੰਜਾਬ ਐਂਡ ਸਿੰਧ ਬੈਂਕ ਦੀ ਉਪਰੋਕਤ ਬਰਾਂਚ ਦੁਆਰਾ ਕੀਤੀ ਜਾਵੇਗੀ। ਮੈਸ. ਪੀਐੱਸਬੀ ਅਲਾਇੰਸ ਪ੍ਰਾ. ਲਿਮ., ਮੁੰਬਈ ਯੋਗ ਬੋਲੀਕਾਰਾਂ ਦੇ ਪੈਨ ਦੀ ਪੜਤਾਲ ਦੇ ਬਾਅਦ ਯੂਜ਼ਰ ਆਈਡੀ ਅਤੇ ਪਾਸਵਰਡ ਉਪਲਬੱਧ ਕਰਵਾਏਗਾ। (5) ਇਹ ਬੋਲੀਕਾਰਾਂ ਦੀ ਖੁਦ ਦੀ ਜ਼ਿੰਮੇਵਾਰੀ ਹੋਵੇਗੀ ਕਿ ਉਹ ਬੋਲੀ ਪੇਸ਼ ਕਰਨ ਤੋਂ ਪਹਿਲਾਂ ਜਾਇਦਾਦਾਂ ਦੀ ਜਾਂਚ ਕਰਨ ਅਤੇ ਖੁਦ ਸੰਤੁਸ਼ਟ ਹੋਣ। (6) ਉਕਤ ਜਾਇਦਾਦਾਂ ਦੀ ਈ-ਨਿਲਾਮੀ / ਬੋਲੀ ਬੋਲੀਕਾਰਾਂ ਵਿਚ ਅੰਤਰ-ਬੋਲੀ ਦਾ ਢੰਗ ਅਪਣਾ ਕੇ ਉਪਰੋਕਤ ਦਰਸਾਈ ਮਿਤੀ ਅਤੇ ਸਮੇਂ ਨੂੰ ਕੀਤੀ ਜਾਵੇਗੀ। ਬੋਲੀਕਾਰ ਹਰੇਕ ਜਾਇਦਾਦ ਸਾਹਮਣੇ, 'ਬੋਲੀ ਵਾਧਾ ਰਾਸ਼ੀ' ਕਾਲਮ ਤਹਿਤ ਦਰਸਾਈ ਰਾਸ਼ੀ ਦੇ ਮਲਟੀਪਲ ਵਿਚ ਆਪਣੀ ਪੇਸ਼ਕਸ਼ ਸੁਧਾਰਨਗੇ। ਜੇਕਰ ਬੋਲੀ ਈ-ਨਿਲਾਮੀ ਬੰਦ ਹੋਣ ਦੇ ਸਮੇਂ ਦੇ ਅੰਤਿਮ 5 ਮਿੰਟਾਂ ਵਿਚ ਪੇਸ਼ ਕੀਤੀ ਜਾਂਦੀ ਹੈ ਤਾਂ ਬੰਦ ਹੋਣ ਦਾ ਸਮਾਂ ਆਪਣੇ-ਆਪ ਹੀ 10 ਮਿੰਟ ਲਈ ਵਧਾਇਆ ਗਿਆ ਮੰਨਿਆ ਜਾਵੇਗਾ। ਉਹ ਬੋਲੀਕਾਰ ਜੋ ਈ-ਨਿਲਾਮੀ ਪ੍ਰਕਿਰਿਆ ਬੰਦ ਹੋਣ 'ਤੇ ਸਰਬੋਤਮ ਬੋਲੀ ਰਾਸ਼ੀ (ਰਾਖਵੀਂ ਕੀਮਤ ਤੋਂ ਹੇਠਾਂ ਨਹੀਂ) ਪੇਸ਼ ਕਰਨਗੇ, ਉਨ੍ਹਾਂ ਨੂੰ ਸਫਲ ਬੋਲੀਕਾਰ ਵਜੋਂ ਐਲਾਨਿਆ ਜਾਵੇਗਾ ਅਤੇ ਇਸ ਬਾਰੇ ਸੂਚਨਾ ਇਲੈਕਟ੍ਰਾਨਿਕ ਮੋਡ ਰਾਹੀਂ ਜਾਰੀ ਕੀਤੀ ਜਾਵੇਗੀ, ਜੋ ਕਿ ਅਧਿਕਾਰਤ ਅਫਸਰ / ਸਕਿਓਰਡ ਕ੍ਰੈਡਿਟਰ ਦੁਆਰਾ ਪ੍ਰਵਾਨਗੀ ਦਾ ਵਿਸ਼ਾ-ਵਸਤੂ ਹੋਵੇਗੀ। (9) ਖਰੀਦਦਾਰ ਨੂੰ ਲਾਗੂ ਅਨੁਸਾਰ ਸਟੈਂਪ ਡਿਊਟੀਜ਼ / ਰਜਿਸਟਰੇਸ਼ਨ ਫੀਸ / ਹੋਰ ਚਾਰਜਿਜ਼ ਅਤੇ ਸਾਰੇ ਵਿਧਾਨਕ / ਗੈਰ ਵਿਧਾਨਕ ਖਰਚੇ, ਟੈਕਸ, ਰੇਟਸ, ਅਸੈੱਸਮੈਂਟ ਖਰਚੇ, ਫੀਸ ਆਦਿ ਕਿਸੇ ਨਾਲ ਵੀ ਸੰਬੰਧਿਤ, ਵੀ ਅਦਾ ਕਰਨੇ ਪੈਣਗੇ। (10) ਅਧਿਕਾਰਤ ਅਫ਼ਸਰਾਨ / ਬੈਂਕ ਸਰਵਉੱਚ ਪੇਸ਼ਕਸ਼ ਨੂੰ ਸਵੀਕਾਰ ਕਰਨ ਲਈ ਪਾਬੰਦ ਨਹੀਂ ਹੈ ਅਤੇ ਅਧਿਕਾਰਤ ਅਫ਼ਸਰ ਕੋਲ ਬਿਨਾਂ ਕੋਈ ਕਾਰਨ ਦੱਸੇ ਜੋ ਕੋਈ ਵੀ ਹੋਵੇ, ਈ-ਨਿਲਾਮੀ ਨੂੰ ਮੁਲਤਵੀ ਕਰਨ / ਅੱਗੇ ਪਾਉਣ / ਕੈਂਸਲ ਕਰਨ ਜਾਂ ਕਿਸੇ ਜਾਂ ਸਾਰੀਆਂ ਪੇਸ਼ਕਸ਼ (ਪੇਸ਼ਕਸ਼ਾਂ) ਨੂੰ ਸਵੀਕਾਰ ਜਾਂ ਰੱਦ ਕਰਨ ਦਾ ਮੁਕੰਮਲ ਹੱਕ ਹੈ। (11) ਵਿਕਰੀ ਸਰਟੀਫਿਕੇਟ ਕੇਵਲ ਖਰੀਦਦਾਰਾਂ / ਬਿਨੈਕਾਰਾਂ ਦੇ ਨਾਮ 'ਤੇ ਜਾਰੀ ਕੀਤਾ ਜਾਵੇਗਾ ਅਤੇ ਇਹ ਕਿਸੇ ਹੋਰ ਦੇ ਨਾਮ 'ਤੇ ਨਹੀਂ ਜਾਰੀ ਕੀਤਾ ਜਾਵੇਗਾ। (12) ਵਿਕਰੀ ਸਕਿਓਰਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਈਨਾਂਸ਼ੀਅਲ ਅਸੇਟਸ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰਸਟ ਐਕਟ 2002 ਅਧੀਨ ਨਿਰਧਾਰਤ ਨਿਯਮਾਂ / ਸ਼ਰਤਾਂ ਦਾ ਵਿਸ਼ਾ ਹੋਵੇਗੀ। ਵਿਕਰੀ ਦੇ ਨਿਯਮਾਂ ਅਤੇ ਸ਼ਰਤਾਂ ਦੇ ਹੋਰ ਵੇਰਵਿਆਂ / ਪੁੱਛਗਿੱਛ, ਜੇਕਰ ਕੋਈ, ਲਈ ਪੰਜਾਬ ਐਂਡ ਸਿੰਧ ਬੈਂਕ ਦੀਆਂ ਉਪਰੋਕਤ ਵਰਨਣ ਬਰਾਂਚਾਂ/ਅਧਿਕਾਰਤ ਅਫ਼ਸਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ ਜਾਂ ਬੈਂਕ ਦੀਆਂ ਵੈੱਬਸਾਈਟਾਂ (ਏ) https://www.punjabandsindbank.co.in (ਬੀ) https://baanknet.com ਤੋਂ ਲਈ ਜਾ ਸਕਦੀ ਹੈ। (13) ਉਪਰੋਕਤ ਜਾਇਦਾਦਾਂ ਸਬੰਧੀ/ਜਾਇਦਾਦਾਂ ਦੀ ਪੜਤਾਲ ਬਾਰੇ ਹੋਰ ਵੇਰਵਿਆਂ ਦੇ ਲਈ ਚਾਹਵਾਨ ਖਰੀਦਦਾਰ ਪੰਜਾਬ ਐਂਡ ਸਿੰਧ ਬੈਂਕ ਦੀਆਂ ਉਪਰੋਕਤ ਬਰਾਂਚਾਂ ਦੇ ਨਾਲ ਸੰਪਰਕ ਕਰ ਸਕਦੇ ਹਨ। ਸਾਰੇ ਚਾਹਵਾਨ ਖਰੀਦਦਾਰਾਂ ਨੂੰ ਈ-ਨਿਲਾਮੀ ਦੀ ਵਿਧੀ ਉੱਪਰ ਕਿਸੇ ਜਾਣਕਾਰੀ ਲਈ https://baanknet.com 'ਤੇ ਪਹੁੰਚ ਕਰਨ ਦੀ ਵੀ ਸਲਾਹ ਦਿੱਤੀ ਜਾਂਦੀ ਹੈ। (14) ਅਧਿਕਾਰਤ ਅਫ਼ਸਰ ਜਾਂ ਬੈਂਕ ਈ-ਨਿਲਾਮ ਕੀਤੀਆਂ ਜਾਣ ਵਾਲੀਆਂ ਅਚੱਲ ਜਾਇਦਾਦਾਂ ਦੇ ਸਬੰਧ ਵਿੱਚ ਸਰਕਾਰ ਜਾਂ ਕਿਸੇ ਹੋਰ ਦੇ ਕਿਸੇ ਵੀ ਚਾਰਜ, ਦੇਣਦਾਰੀ, ਭੰਜਟ ਜਾਂ ਕਿਸੇ ਹੋਰ ਬਕਾਇਆਂ ਲਈ ਜ਼ਿੰਮੇਵਾਰ ਨਹੀਂ ਹੋਵੇਗਾ। (15) ਬੋਲੀਕਾਰ ਖੁਦ ਨੂੰ ਕੇਵਾਈਸੀ ਦਸਤਾਵੇਜ਼ਾਂ ਦੇ ਉਪਲਬੱਧ ਕਰਵਾਉਣ ਦੁਆਰਾ https://baanknet.com ਦੇ ਕੋਲ ਰਜਿਸਟਰਡ ਕਰਵਾਉਣਗੇ ਅਤੇ ਮੈਸ. ਪੀਐੱਸਬੀ ਅਲਾਇੰਸ ਪ੍ਰਾ. ਲਿਮ. ਦੁਆਰਾ ਨਿਰਧਾਰਤ ਰਜਿਸਟਰੇਸ਼ਨ ਫ਼ੀਸ ਨਿਲਾਮੀ ਦੀ ਮਿਤੀ ਤੋਂ ਪਹਿਲਾਂ ਜਮ੍ਹਾਂ ਕਰਵਾਉਣਗੇ। ਰਜਿਸਟਰੇਓਸ਼ਨ ਪ੍ਰਕਿਰਿਆ ਘੱਟੋ-ਘੱਟ 2 ਦਿਨਾਂ ਦਾ ਸਮਾਂ ਲਵੇਗੀ। (ਰਜਿਸਟਰੇਸ਼ਨ ਪ੍ਰਕਿਰਿਆ ਦਾ ਵੇਰਵਾ ਉਪਰੋਕਤ ਵੈੱਬਸਾਈਟ 'ਤੇ ਦਿੱਤਾ ਹੈ। (16) ਚਾਹਵਾਨ ਬੋਲੀਕਾਰ ਆਪਣੇ ਬੈਂਕ ਖਾਤੇ ਤੋਂ ਐਨਈਐਫਟੀ / ਆਰਟੀਜੀਐਸ ਦੇ ਢੰਗ ਜ਼ਿਆਰਾ https://baanknet.com 'ਤੇ ਮੈਸ. ਪੀਐੱਸਬੀ ਅਲਾਇੰਸ ਪ੍ਰਾ. ਲਿਮ. ਦੁਆਰਾ ਸੰਚਾਲਿਤ ਬੋਲੀਕਾਰ ਦੇ ਖਾਤੇ ਵਿਚੋਂ ਚਲਾਨ ਦੇ ਤਰੀਕੇ ਦੁਆਰਾ ਈਐਮਡੀ ਦੀ ਆਪਣੀ ਰਾਸ਼ੀ ਨੂੰ ਤਬਦੀਲ ਕਰਨਗੇ। (17) ਚਾਹਵਾਨ ਬੋਲੀਕਾਰ ਧਿਆਨ ਰੱਖਣ ਕਿ ਈਐਮਡੀ ਨੂੰ ਨਿਲਾਮੀ ਦੀ ਮਿਤੀ ਤੋਂ ਇੱਕ ਦਿਨ ਪਹਿਲਾਂ ਤਬਦੀਲ ਕੀਤਾ ਜਾਵੇ ਅਤੇ ਇਸ ਦੀ ਪੁਸ਼ਟੀ ਕੀਤੀ ਜਾਵੇ ਕਿ ਉਸ ਦੇ ਖਾਤੇ ਨੂੰ ਈਐਮਡੀ ਦੇ ਪ੍ਰਭਾਵਿਤ ਮੈਸ. ਪੀਐੱਸਬੀ ਅਲਾਇੰਸ ਪ੍ਰਾ. ਲਿਮ. ਦੁਆਰਾ ਸੰਭਾਲ ਕੀਤਾ ਗਿਆ ਹੈ ਇਸ ਤੋਂ ਬਿਨਾਂ ਸਿਸਟਮ ਈ-ਨਿਲਾਮੀ ਵਿਚ ਬੋਲੀਕਾਰ ਨੂੰ ਭਾਗ ਲੈਣ ਦੀ ਇਜਾਜ਼ਤ ਨਹੀਂ ਦੇਵੇਗਾ। (18) ਅਸਫ਼ਲ ਬੋਲੀਕਾਰਾਂ ਦੀ ਈਐਮਡੀ ਉਨ੍ਹਾਂ ਦੇ ਮੈਸ. ਪੀਐੱਸਬੀ ਅਲਾਇੰਸ ਪ੍ਰਾ. ਲਿਮ. ਕੋਲ ਸੰਚਾਲਿਤ ਵਾਲੇਟ ਵਿਚ ਰਿਫੰਡ ਕਰ ਦਿੱਤੀ ਜਾਵੇਗੀ। ਬੋਲੀਕਾਰ ਨੂੰ ਉਸ ਦੇ ਖਾਤੇ ਵਿਚ ਈਐਮਡੀ ਦੀ ਰਾਸ਼ੀ ਵਾਪਿਸ ਕਰਨ ਲਈ ਮੈਸ. ਪੀਐੱਸਬੀ ਅਲਾਇੰਸ ਪ੍ਰਾ. ਲਿਮ. ਨੂੰ ਇਕ ਬੇਨਤੀ ਕਰਨੀ ਹੋਵੇਗੀ। ਬੋਲੀਕਾਰ ਵਿਆਜ, ਲਾਗਤਾਂ, ਖਰਚਿਆਂ ਅਤੇ ਕਿਸੇ ਹੋਰ ਚਾਰਜਿਜ਼ (ਜੇਕਰ ਕੋਈ) ਲਈ ਦਾਅਵੇ ਦੇ ਹੱਕਦਾਰ ਨਹੀਂ ਹੋਣਗੇ। (19) ਇਹ ਸਫਲ ਬੋਲੀਕਾਰ ਦੀ ਜ਼ਿੰਮੇਵਾਰੀ ਹੋਵੇਗੀ ਕਿ ਉਹ ਧਾਰਾ 194 1-ਏ ਅਧੀਨ ਲਾਗੂ ਯੋਗ ਅਨੁਸਾਰ ਟੀਡੀਐੱਸ @ 1% ਜਮ੍ਹਾਂ ਕਰਵਾਏਗਾ, ਜੇਕਰ ਇਸ ਤਰ੍ਹਾਂ ਦੇ ਵਿਚਾਰ ਲਈ ਕ੍ਰੈਡਿਟ ਕੀਤੀ ਜਾਂ ਭੁਗਤਾਨ ਕੀਤੀ ਗਈ ਰਕਮ 50 ਲੱਖ ਰੁਪਏ ਜਾਂ ਇਸ ਤੋਂ ਵੱਧ ਹੈ। ਫ਼ਾਰਮ 25 ਕਿਊਬੀ ਅਤੇ ਫ਼ਾਰਮ 16ਬੀ ਵਿਚ ਜਾਰੀ ਕੀਤੇ ਜਾਣ ਵਾਲੇ ਟੀਡੀਐੱਸ ਸਰਟੀਫਿਕੇਟ ਨੂੰ ਭਰ ਕੇ ਟੀਡੀਐੱਸ ਆਨਲਾਈਨ ਭਰਿਆ ਜਾਣਾ ਚਾਹੀਦਾ ਹੈ। ਖਰੀਦਦਾਰ ਨੂੰ ਸਰਕਾਰੀ ਖਾਤੇ ਵਿਚ ਆਮਦਨ ਕਰ ਜਮ੍ਹਾਂ ਕਰਵਾਏ ਜਾਣ ਦਾ ਸਬੂਤ ਪੇਸ਼ ਕਰਨਾ ਹੋਵੇਗਾ।

ਮਿਤੀ : 15-02-2025 ਸਥਾਨ : ਅੰਮ੍ਰਿਤਸਰ ਸਹੀ/- ਅਧਿਕਾਰਤ ਅਫਸਰ (ਪੰਜਾਬ ਐਂਡ ਸਿੰਧ ਬੈਂਕ)